## ਭਗਤ ਰਵਿਦਾਸ – ਸਬਦ ੨੦

## ਚਮਰਟਾ ਗਾਂਠਿ ਨ ਜਨਈ ॥

### ਰਾਗੁ ਸੋਰਠਿ, ਭਗਤ ਰਵਿਦਾਸ, ਗੁਰੂ ਗ੍ਰੰਥ ਸਾਹਿਬ, ੬੫੯

ਚਮਰਟਾ ਗਾਂਠਿ ਨ ਜਨਈ ॥
ਲੋਗੁ ਗਠਾਵੈ ਪਨਹੀ ॥੧॥ ਰਹਾਉ ॥
ਆਰ ਨਹੀ ਜਿਹ ਤੋਪਉ ॥
ਨਹੀ ਰਾਂਬੀ ਠਾਉ ਰੋਪਉ ॥੧॥
ਲੋਗੁ ਗੰਠਿ ਗੰਠਿ ਖਰਾ ਬਿਗੂਚਾ ॥
ਹਉ ਬਿਨੁ ਗਾਂਠੇ ਜਾਇ ਪਹੂਚਾ ॥੨॥
ਰਵਿਦਾਸੁ ਜਪੈ ਰਾਮ ਨਾਮਾ ॥
ਮੋਹਿ ਜਮ ਸਿਉ ਨਾਹੀ ਕਾਮਾ ॥੩॥੭॥

ਸਾਰ: ਬੇਇਨਸਾਫ਼ੀ ਵਾਲੇ ਸਮਾਜਿਕ ਅਤੇ ਧਾਰਮਿਕ ਨਿਯਮਾਂ ਦੀ ਪਾਲਣਾ ਨਾ ਕਰਨ ਨੂੰ ਇਕ ਉਸਾਰੂ ਸਮਰੱਥਾ ਵਜੋਂ ਦੇਖਿਆ ਜਾ ਸਕਦਾ ਹੈ। ਇਹ ਭਾਵ ਆਲੋਚਨਾਤਮਕ ਸੋਚ ਨੂੰ ਪ੍ਰੇਰਿਤ ਕਰਦਾ ਹੈ, ਵੰਨ-ਸੁਵੰਨਤਾ ਨੂੰ ਪਸਾਰਦਾ ਹੈ, ਅਤੇ ਵੱਖ-ਵੱਖ ਦ੍ਰਿਸ਼ਟੀਕੋਣਾਂ ਦੀ ਸਵੀਕ੍ਰਿਤੀ ਨੂੰ ਉਤਸ਼ਾਹਿਤ ਕਰਦਾ ਹੈ। ਸਥਾਪਿਤ ਨਿਯਮਾਂ 'ਤੇ ਆਲੋਚਨਾਤਮਕ ਤੌਰ 'ਤੇ ਵਿਚਾਰ ਕਰਨ ਨਾਲ ਅਸੀਂ ਸਮਾਜਿਕ ਕਦਰਾਂ-ਕੀਮਤਾਂ, ਅਤੇ ਮਿਆਰਾਂ ਦੇ ਵਿਕਾਸ, ਵਿਚ ਯੋਗਦਾਨ ਪਾ ਸਕਦੇ ਹਾਂ ਜੋ ਉਸਾਰੂ ਤਬਦੀਲੀ ਅਤੇ ਵਾਧੇ ਲਈ ਵੀ ਲਾਹੇਵੰਦ ਹੁੰਦਾ ਹੈ। ਇਹ ਵਿਕਾਸ ਵਿਅਕਤੀਆਂ ਨੂੰ ਆਪਣੀ ਖੁਦਮੁਖਤਿਆਰੀ ਅਤੇ ਪ੍ਰਮਾਣਿਕਤਾ ਨੂੰ ਪ੍ਰਗਟ ਕਰਨ ਦੀ ਆਗਿਆ ਦਿੰਦਾ ਹੈ, ਜਿਸ ਨਾਲ ਅਸੀਂ ਵੰਨ-ਸੁਵੰਨਤਾ ਨਾਲ ਭਰਪੂਰ ਸਮਾਜ ਨੂੰ ਵਧੇਰੇ ਸਦਭਾਵਨਾ ਪੂਰਨ ਬਣਾ ਸਕਦੇ ਹਾਂ।

ਚਮਰਟਾ ਗਾਂਠਿ ਨ ਜਨਈ ॥

ਮੈਂ ਚਮੜੇ ਦੀ ਕਿਰਤ ਕਰਨ ਵਾਲੇ ਪਰਿਵਾਰ ਵਿਚੋਂ ਹਾਂ ਅਤੇ ਮੇਰੇ ਵਿਚ ਮੁਰੰਮਤ ਲਈ ਗੰਢਾਂ ਬੰਨ੍ਹਣ ਦੇ ਹੁਨਰ ਦੀ ਘਾਟ ਹੈ। ਇਹ ਇਕ ਅਜਿਹੀ ਮਾਨਸਿਕਤਾ ਨੂੰ ਦਰਸਾਉਂਦਾ ਹੈ ਜੋ ਇਹ ਸਵਿਕਾਰਦੀ ਹੈ ਕਿ

ਅਸੀਂ ਵਿਲੱਖਣ ਗੁਣਾਂ ਨਾਲ ਪੈਦਾ ਹੋਏ ਹਾਂ, ਜਿਨ੍ਹਾਂ ਵਿਚੋਂ ਕੁਝ ਇਕ ਦੂਜੇ ਨਾਲ ਸਾਂਝੇ ਕੀਤੇ ਜਾ ਸਕਦੇ ਹਨ ਅਤੇ ਕੁਝ ਪ੍ਰਾਪਤ।

ਲੋਗੁ ਗਠਾਵੈ ਪਨਹੀ ॥੧॥ ਰਹਾਉ ॥
ਲੋਕ ਆਪਣੀਆਂ ਜੁੱਤੀਆਂ ਠੀਕ ਕਰਵਾਉਣ ਲਈ ਆਉਂਦੇ ਹਨ। ਇਹ ਭਾਵ ਸੀਮਤ ਮਾਨਸਿਕਤਾ ਨੂੰ ਉਜਾਗਰ ਕਰਦਾ ਹੈ ਜੋ ਰੁਪਾਂਤ੍ਰਣ ਦੇ ਧਾਰਨੀ ਹੋਣ ਨਾਲੋਂ ਜਾਣੂ ਹੋਣ ਨੂੰ ਤਰਜੀਹ ਦਿੰਦੀ ਹੈ। (੧)(ਠਹਿਰਾਉ)

ਆਰ ਨਹੀ ਜਿਹ ਤੋਪਉ ॥
ਮੇਰੇ ਕੋਲ ਮੁਰੰਮਤ ਕਰਨ ਵਾਲੇ ਸੰਦ ਨਹੀਂ ਹਨ। ਇਹ ਸਮਾਜ ਦੀ ਕੱਟੜ ਮਾਨਸਿਕਤਾ ਦੇ ਅਨੁਕੂਲ ਨਾ ਹੋਣ ਦੇ ਇਮਾਨਦਾਰ ਇਕਬਾਲ ਨੂੰ ਪ੍ਰਗਟ ਕਰਦਾ ਹੈ, ਜੋ ਕਿ ਗੈਰ-ਵਾਜ਼ਿਬ ਹਨ।

ਨਹੀ ਰਾਂਬੀ ਠਾਉ ਰੋਪਉ ॥੧॥
ਮੇਰੇ ਕੋਲ ਟਾਕੀ ਲਗਾਉਣ ਵਾਲੇ ਸਾਧਨ ਨਹੀਂ ਹਨ। ਇਹ ਉਹਨਾਂ ਗ਼ੈਰ-ਵਾਜ਼ਿਬ ਸਮਾਜਿਕ ਅਤੇ ਧਾਰਮਿਕ ਨਿਯਮਾਂ ਦੀ ਬਾਹਰੀ ਅਡੰਬਰੀ ਪਾਲਣਾ ਵਿਚ ਸ਼ਾਮਲ ਹੋਣ ਤੋਂ ਇਨਕਾਰ ਕਰਨ ਦੀ ਭਾਵਨਾ ਨੂੰ ਦਰਸਾਉਂਦਾ ਹੈ ਜੋ ਅੰਤਰੀਵੀ ਤੌਰ 'ਤੇ ਗੂੰਜਦੇ ਨਹੀਂ ਹਨ। (੧)

ਲੋਗੁ ਗੰਠਿ ਗੰਠਿ ਖਰਾ ਬਿਗੂਚਾ ॥
ਲੋਕ ਨਿਰੰਤਰ ਗੰਢਾਂ ਰਾਹੀਂ ਮੁਰੰਮਤ ਕਰਦੇ ਰਹਿੰਦੇ ਹਨ, ਜੋ ਮੂਲ ਰੂਪ ਵਿਚ ਚੰਗਾ ਸੀ ਉਸ ਨੂੰ ਨਸ਼ਟ ਕਰ ਦਿੰਦੇ ਹਨ। ਇਹ ਭਾਵ ਦਰਸਾਉਂਦਾ ਹੈ ਕਿ ਕਰਮਕਾਂਡੀ ਸਮਾਜਿਕ ਅਤੇ ਧਾਰਮਿਕ ਮਰਿਯਾਦਾਵਾਂ ਦੀ ਜ਼ਬਰਨ ਜਾਂ ਬੇਸਮਝੀ ਨਾਲ ਕੀਤੀ ਪਾਲਣਾ ਕਿਵੇਂ ਵਿਸ਼ਵਾਸ ਪ੍ਰਣਾਲੀਆਂ ਦੇ ਤੱਤਸਾਰ ਨੂੰ ਵਿਗਾੜ ਸਕਦੀ ਹੈ।

ਹਉ ਬਿਨੁ ਗਾਂਠੇ ਜਾਇ ਪਹੂਚਾ ॥੨॥
ਮੈਂ ਬਿਨਾਂ ਕਿਸੇ ਗੰਢ ਨੂੰ ਬੰਨ੍ਹਿਆਂ ਆਪਣੀ ਮੰਜ਼ਿਲ 'ਤੇ ਪਹੁੰਚ ਗਿਆ ਹਾਂ। ਇਹ ਭਾਵ ਸੁਝਾਅ ਦਿੰਦਾ ਹੈ ਕਿ ਸਮਾਜਿਕ ਅਤੇ ਧਾਰਮਿਕ ਕਰਮਕਾਂਡਾ ਨਾਲ ਜੁੜੇ ਉਹ ਬੰਧਨ ਜੋ ਦਬਾਉ ਪੈਦਾ ਕਰਦੇ ਹਨ, ਉਨ੍ਹਾਂ ਨਾਲ

ਜੁੜੇ ਰਹਿਣ ਦੀ ਲੋੜ ਨਹੀਂ ਉਨ੍ਹਾਂ ਨੂੰ ਛੱਡ ਅਸੀਂ ਉਥੇ ਪਹੁੰਚ ਸਕਦੇ ਹਾਂ ਜਿਥੇ ਸਾਡਾ ਅਸਲ ਸੰਬੰਧ ਹੈ। (੨)

ਰਵਿਦਾਸੁ ਜਪੈ ਰਾਮ ਨਾਮਾ ॥
ਰਵਿਦਾਸ ਕਹਿੰਦੇ ਹਨ ਕਿ ਉਹ ਸਰਵ ਵਿਆਪਕ ਵਿਸ਼ਵਵਿਆਪੀ ਹਕੀਕਤ 'ਤੇ ਚਿੰਤਨ ਕਰਨਾ ਯਾਦ ਰੱਖਦੇ ਹਨ।

ਮੋਹਿ ਜਮ ਸਿਉ ਨਾਹੀ ਕਾਮਾ ॥੩॥੭॥
ਮੇਰੀ ਨਕਾਰਾਤਮਕਤਾ ਵਿਚ ਕੋਈ ਰੁਚੀ ਨਹੀਂ ਹੈ। ਇਹ ਭਾਵ ਇਕ ਵਿਵਹਾਰਕ ਮਾਨਸਿਕਤਾ ਨੂੰ ਉਜਾਗਰ ਕਰਦਾ ਹੈ ਜੋ ਸਿਰਫ ਉਸ ਵਸਤ 'ਤੇ ਕੇਂਦ੍ਰਿਤ ਹੈ ਜੋ ਵਿਸ਼ਵਵਿਆਪੀ ਭਲਾਈ ਦਾ ਵਾਧਾ ਕਰਦੇ ਹਨ। (੩((੭)

ਤੱਤ: ਭਗਤ ਰਵਿਦਾਸ ਇਕ ਹੋਰ ਗੂੜ੍ਹ ਸੰਦੇਸ਼ ਦੇਣ ਲਈ ਆਪਣੀ ਚਮੜੇ ਦੀ ਕਿਰਤ ਦੇ ਬ੍ਰਿਤਾਂਤ ਦੀ ਵਰਤੋਂ ਕਰਦੇ ਹਨ। ਉਹ ਇਸ ਵਿਅੰਗ ਵੱਲ ਇਸ਼ਾਰਾ ਕਰਦੇ ਹਨ ਕਿ ਇਕ ਮੋਚੀ ਦਾ ਕੰਮ ਗੰਢਣਾ ਅਤੇ ਸੀਣਾ ਹੈ, ਰੂਹਾਨੀ ਜਗਿਆਸੂ ਦੀ ਯਾਤਰਾ ਬੰਧਨ ਰਹਿਤ ਰਹਿਣ ਬਾਰੇ ਹੁੰਦੀ ਹੈ। ਇਹ ਭਾਵ ਸੁਝਾਅ ਦਿੰਦਾ ਹੈ ਕਿ ਦੁਨੀਆ ਹਰ ਵਸਤ ਨੂੰ ਇਕੱਠੇ ਬੰਨ੍ਹਣ ਦੀ ਕੋਸ਼ਿਸ਼ ਕਾਰਣ ਆਪਣੇ ਆਪ ਨੂੰ ਪੇਚੀਦਾ ਬਣਾ ਲੈਂਦੀ ਹੈ, ਭਾਵੇਂ ਇਹ ਰਿਸ਼ਤੇ, ਦੌਲਤ, ਰੁਤਬਾ, ਜਾਂ ਧਰਮ ਹੀ ਕਿਉਂ ਨਾ ਹੋਵੇ। ਇਸਦੇ ਉਲਟ, ਇਕ ਸਾਧਕ ਖੁੱਲ੍ਹਦਿਲੀ ਅਤੇ ਸਾਦਗੀ ਨਾਲ ਅੱਗੇ ਵਧਦਾ ਹੈ। ਉਹ ਇਸ ਸਿੱਟੇ ‘ਤੇ ਪਹੁੰਚਦੇ ਹਨ ਕਿ ਡਰ ਉਨ੍ਹਾਂ ਲੋਕਾਂ ਨੂੰ ਫਸਾ ਸਕਦਾ ਹੈ ਜੋ ਬੰਨ੍ਹੇ ਹੋਏ ਹਨ, ਜਦੋਂ ਕਿ ਗੰਢਾਂ ਤੋਂ ਮੁਕਤ ਮਨ ਜ਼ਿੰਦਗੀ ਦੀ ਨਿਸ਼ਾਨਦੇਹੀ ਆਸਾਨੀ ਅਤੇ ਢਾਲੂਪੁਣੇ ਨਾਲ ਕਰਦਾ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**